**ਪੰਜਾਬ ਸਕੂਲ ਸਿੱਖਿਆ ਬੋਰਡ** **ਐਨ-1-ਬੀ(10000)**

ਵੱਲੋਂ ਵੱਲ

ਸਕੱਤਰ,
ਪੰਜਾਬ ਸਕੂਲ ਸਿਖਿਆ ਬੋਰਡ
ਐਸ.ਏ.ਐਸ. ਨਗਰ(ਮੋਹਾਲੀ) 160062

ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ
ਸਰਕਾਰੀ/ਏਡਿਡ/ਐਫਿਲੀਏਟਿਡ,
ਹਾਈ/ਸੀਨੀ:ਸੈਕੰ.ਸਕੂਲ

---

ਪੱਤਰ ਨੰ:ਪਸਸਬ-ਰਜਿ/ਮਾਈ/2011-2012/9501 - 18500 ਮਿਤੀ:ਮੋਹਾਲੀ/04-05-2011

**ਵਿਸ਼ਾ :-ਦਾਖਲਾ ਸਾਲ 2011-2012 ਲਈ ਨੌਵੀਂ/ਦੱਸਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦੀ ਰਜਿਸਟਰੇਸ਼ਨ/ਕੰਟਿਨਿਊਏਸ਼ਨ ਰਿਟਰਨਾਂ ਭੇਜਣ ਸੰਬੰਧੀ।**

ਸ਼੍ਰੀਮਾਨ/ਸ਼੍ਰੀਮਤੀ ਜੀ,

ਬੋਰਡ ਵੱਲੋਂ ਸਾਲ/ਸੈਸ਼ਨ 1997-1998 ਤੋਂ ਮਿਡਲ ਸ਼੍ਰੇਣੀ ਦੇ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਦਾ ਕੰਮ ਆਰੰਭਿਆ ਗਿਆ। ਸਾਲ /ਸ਼ੈਸ਼ਨ 2011-12 ਲਈ ਜਿਹੜੇ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਹੋ ਚੁੱਕੀ ਹੈ ਉਨ੍ਹਾਂ ਦੀ ਰਜਿਸਟਰੇਸ਼ਨ ਕੰਟੀਨਿਊ ਹੋਣੀ ਹੈ ਜਿਹੜੇ ਵਿਦਿਆਰਥੀ ਨੌਵੀਂ/ਦੱਸਵੀਂ ਸ਼੍ਰੇਣੀ ਵਿੱਚ ਦਾਖਲ ਕੀਤੇ ਹਨ, ਰਜਿਸਟਰਡ ਨਹੀ ਹੋਏ ਅਤੇ ਯੋਗਤਾ ਰੱਖਦੇ ਹਨ, ਦੀ ਨਵੀਂ ਰਜਿਸਟਰੇਸ਼ਨ ਹੋਣੀ ਹੈ । ਕੰਟੀਨਿਊਏਸ਼ਨ/ ਰਜਿਸਟਰੇਸ਼ਨ ਰਿਟਰਨਾਂ ਭੇਜਣ ਲਈ ਲੋੜੀਂਦੇ ਪ੍ਰੋਫਾਰਮੇ ਬੋਰਡ ਦੀ ਵੈਬਸਾਈਟ ਤੋਂ ਕਢਵਾਏ ਜਾਣ (**ਬੋਰਡ ਵੱਲੋਂ ਵੱਖਰੇ ਤੌਰ ਤੇ ਰਜਿਸਟ੍ਰੇਸ਼ਨ ਫਾਰਮ ਨਹੀਂ ਭੇਜੇ ਜਾਣਗੇ**) । ਇਹ ਰਿਟਰਨਾਂ ਹੇਠ ਲਿਖੇ ਅਨੁਸਾਰ ਲੜੀ ਨੰਬਰ 10 ਦੇ ਦਰਸਾਏ ਸ਼ਡਿਊਲ ਮੁਤਾਬਕ ਭਰ ਕੇ ਮੁੱਖ ਦਫ਼ਤਰ ਜਾਂ ਜਿਲ੍ਹਾ ਪਾਠ ਪੁਸਤਕਾਂ ਵਿਕਰੀ ਡਿਪੂ ਵਿਖੇਂ ਲੋੜੀਂਦੀ ਫੀਸ ਨਾਲ ਪਹੁੰਚ ਜਾਣੀਆ ਚਾਹੀਦੀਆ ਹਨ । (**ਰਿਟਰਨ ਫਾਰਮ ਅੰਗਰੇਜੀ ਦੇ ਵੱਡੇ ਅੱਖਰਾਂ ਵਿੱਚ ਭਰ ਕੇ ਭੇਜੇ ਜਾਣ**)

**ਨੋਟ : ਫਾਰਮ ਨੰ: ਐਮ 2 ਦੀਆਂ ਤਿੰਨ ਪਰਤਾਂ ਭੇਜੀਆ ਜਾਣ।**

**ਨੋਟ : ਫਾਰਮ ਨੰ: ਐਨ 1 ਦੀਆਂ ਦੋ ਪਰਤਾਂ ਅਤੇ ਐਨ 3 ਦੀ ਇੱਕ ਪਰਤ ਅਤੇ ਐਨ 2 ਦੀਆ ਤਿੰਨ ਪਰਤਾਂ ਭੇਜੀਆ ਜਾਣ (ਕੇਵਲ ਸਾਲ/ਸ਼ੈਸ਼ਨ 2011-2012 ਦੇ ਨੌਵੀ ਸ਼੍ਰੇਣੀ ਦੇ ਵਿਦਿਆਥੀਆਂ ਲਈ )**

1. ਲੜਕੀਆਂ ਦੇ ਵੇਰਵੇ ਲੜਕਿਆਂ ਤੋਂ ਪਹਿਲਾਂ ਭਰਨੇ ਜ਼ਰੂਰੀ ਹਨ।

2. ਵੇਰਵੇ ਦਾਖਲਾ ਖਾਰਜ ਰਜਿਸਟਰ ਮੁਤਾਬਕ ਠੀਕ-ਠੀਕ ਅਤੇ ਪੂਰੇ ਭਰਨੇ ਜ਼ਰੂਰੀ ਹਨ। ਕਿਸੇ ਵੀ ਤਰ੍ਹਾਂ ਦੀ ਸੋਧ ਤੇ ਸਕੂਲ ਮੁੱਖੀ ਦੇ ਹਸਤਾਖਰ ਜਰੂਰੀ ਹਨ। ਦਫਤਰ ਵਿੱਚ ਰਿਟਰਨ ਪ੍ਰਾਪਤ ਹੋਣ ਤੋਂ ਬਾਅਦ ਵਿੱਚ ਗਲਤੀ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਆਪਣੀ ਹੋਵੇਗੀ।

3. ਪ੍ਰੀਖਿਆਰਥੀ ਦਾ ਵਿਸ਼ਾ/ਮਾਧਿਅਮ ਸਿਲੇਬਸ ਅਨੁਸਾਰ ਹੋਣਾ ਚਾਹੀਦਾ ਹੈ।

4. ਨੌਵੀ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖਲ ਹੋਣੇ ਚਾਹੀਦੇ ਹਨ,ਜਿੰਨ੍ਹਾਂ ਨੇ ਅੱਠਵੀਂ ਸ਼੍ਰੇਣੀ ਵਿੱਚ ਸਰਕਾਰੀ/ਏਡਿਡ ਮਾਨਤਾ ਪ੍ਰਾਪਤ ਬੋਰਡ ਨਾਲ ਐਫੀਲੀਏਟਿਡ/ਗੈਰਮਾਨਤਾ ਪ੍ਰਾਪਤ ਸਕੂਲ ਤੋਂ ਪਾਸ ਕੀਤੀ ਹੋਵੇ ਅਤੇ ਇਸੇ ਤਰਾਂ ਦੱਸਵੀਂ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖਲ ਹੋਣੇ ਚਾਹੀਦੇ ਹਨ, ਜਿਨ੍ਹਾਂ ਨੇ ਨੌਵੀ ਸ਼੍ਰੇਣੀ ਸਰਕਾਰੀ/ਏਡਿਡ/ਮਾਨਤਾ ਪ੍ਰਾਪਤ ਬੋਰਡ ਨਾਲ ਐਫੀਲੀਏਟਿਡ ਸਕੂਲ ਤੋਂ ਪਾਸ ਕੀਤੀ ਹੋਵੇ।

5. ਦਾਖਲਾ ਅਕਾਦਮਿਕ ਸ਼ਾਖਾ ਵੱਲੋਂ ਜਾਰੀ ਕੀਤੇ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਅਨੁਸਾਰ ਹੀ ਕੀਤਾ ਜਾਵੇ।

ਜਿਹੜਾ ਵਿਦਿਆਰਥੀ ਕਿਸੇ ਹੋਰ ਸਕੂਲ ਵਿੱਚ ਪਹਿਲਾਂ ਹੀ ਦਾਖਲ ਹੋ ਚੁੱਕਾ ਹੈ ,ਉਸਨੂੰ ਆਪਣੀ ਸੰਸਥਾ ਵਿੱਚ ਬੋਰਡ ਵੱਲੋਂ ਜਾਰੀ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਕਰਨ ਤੋਂ ਬਿਨਾਂ ਦਾਖਲ ਨਾ ਕੀਤਾ ਜਾਵੇ, ਜਿਸ ਵਿਦਿਆਰਥੀ ਨੇ ਸਰਕਾਰੀ/ਏਡਿਡ/ ਐਫੀਲੀਏਟਿਡ ਸਕੂਲ (ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ) ਤੋਂ ਨੌਵੀ ਸ਼੍ਰੇਣੀ ਪਾਸ ਕੀਤੀ ਹੈ ਅਤੇ ਸਕੂਲ ਛੱਡਣ ਵਾਲੇ ਸਰਟੀਫਿਕੇਟ ਤੇ ਉਸ ਦਾ ਰਜਿਸਟਰੇਸ਼ਨ ਨੰਬਰ ਦਰਜ਼ ਹੈ, ਉਹ ਕਿਸੇ ਵੀ ਸਕੂਲ ਵਿੱਚ ਦੱਸਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗ ਹੈ। ਬੋਰਡ ਵੱਲੋ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਤੱਕ ਮਾਈਗਰੇਸ਼ਨ ਦੀ ਲੋੜ ਨਹੀ ਹੈ। ਮਾਈਗਰੇਸ਼ਨ ਠੋਸ ਕਾਰਨਾਂ ਦੇ ਆਧਾਰ ਤੇ ਹੀ ਕੀਤੀ ਜਾਵੇਗੀ। ਨੌਵੀਂ/ਦੱਸਵੀਂ ਸ਼੍ਰੇਣੀ ਦੀ ਸਕੂਲ ਤੋਂ ਸਕੂਲ ਮਾਈਗਰੇਸ਼ਨ ਪਹਿਲੇ ਸਮੈਸਟਰ ਪ੍ਰੀਖਿਆ ਸ਼ੁਰੂ ਹੋਣ ਤੋਂ 45 ਦਿਨ ਪਹਿਲਾ ਤੱਕ 600/-ਰੁਪਏ ਫੀਸ ਨਾਲ ਕੀਤੀ ਜਾਵੇਗੀ। ਪ੍ਰੀਖਿਆ ਸ਼ੁਰੂ ਹੋਣ ਤੋਂ 30 ਦਿਨ ਪਹਿਲਾਂ 1000/-ਰੁਪਏ ਫੀਸ ਨਾਲ ਵਿਰਲੇ ਕੇਸਾਂ ਵਿੱਚ ਜਿਵੇਂ ਮਾਤਾ/ਪਿਤਾ ਗਾਰਡੀਅਨ ਦੀ ਬਦਲੀ/ਅਚਾਨਕ ਮੌਤ ਹੋਣ ਦੀ ਸੂਰਤ ਵਿੱਚ ਮਾਈਗਰੇਸ਼ਨ ਮਾਨਯੋਗ ਚੇਅਰਮੈਨ ਸਾਹਿਬ ਵੱਲੋਂ ਅਗਿਆ ਦੇਣ ਉਪਰੰਤ ਹੀ ਕੀਤੀ ਜਾਵੇਗੀ ਅਤੇ ਪਹਿਲੇ ਸਮੈਸਟਰ ਦੀਆਂ ਪ੍ਰੀਖਿਆਵਾਂ ਤੋਂ ਬਾਅਦ 1500/- ਰੁਪਏ ਫੀਸ ਨਾਲ ਵਿਰਲੇ ਕੇਸਾਂ ਵਿੱਚ ਜਿਵੇਂ ਮਾਤਾ/ਪਿਤਾ ਗਾਰਡੀਅਨ ਦੀ ਬਦਲੀ/ਅਚਾਨਕ ਮੌਤ ਹੋਣ ਦੀ ਸੂਰਤ ਵਿੱਚ ਮਾਈਗਰੇਸ਼ਨ ਮਾਨਯੋਗ ਚੇਅਰਮੈਨ ਸਾਹਿਬ ਵੱਲੋਂ ਅਗਿਆ ਦੇਣ ਉਪਰੰਤ ਹੀ ਕੀਤੀ ਜਾਵੇਗੀ।

6. ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆ ਮਿਤੀਆਂ ਖਤਮ ਹੋਣ ਉਪਰੰਤ ਦੂਜੇ ਰਾਜ/ਬੋਰਡ ਤੋਂ ਪੜਦੇ ਆ ਰਹੇ ਵਿਦਿਆਰਥੀ ਕਿਸੇ ਵੀ ਸੂਰਤ ਵਿੱਚ ਨੌਵੀਂ/ਦੱਸਵੀਂ ਸ਼੍ਰੇਣੀ ਵਿੱਚ ਲੇਟ ਦਾਖਲੇ/ਇੰਟਰ ਬੋਰਡ ਮਾਈਗਰੇਸ਼ਨ ਦੀ ਪ੍ਰਵਾਨਗੀ ਬੋਰਡ ਤੋਂ ਲਏ ਬਿਨਾਂ ਦਾਖਲ ਨਾ ਕੀਤੇ ਜਾਣ ।

7. ਯੋਗਤਾ ਸੰਬੰਧੀ ਜਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ ਇਸ ਲਈ ਸਮਾਨਤਾ ਸੂਚੀ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ ਤਾਂ ਜੋ ਕੋਈ ਅਯੋਗ ਵਿਦਿਆਰਥੀ ਦਾਖਲ ਨਾ ਹੋ ਸਕੇ। ਅਯੋਗ ਵਿਦਿਆਰਥੀਆ ਦਾ ਦਾਖਲਾ ਸਕੂਲ/ਬੋਰਡ ਲਈ ਗੰਭੀਰ ਔਕੜਾਂ ਪੈਦਾ ਕਰ ਸਕਦਾ ਹੈ। ਬਾਅਦ ਵਿੱਚ ਅਜਿਹੇ ਕੇਸ ਸਭ ਲਈ ਕਾਨੂੰਨੀ ਮਸਲੇ ਖੜੇ ਕਰ ਸਕਦੇ ਹਨ।

8. ਦਾਖਲਾ ਫਾਰਮ ਭੇਜਣ ਵੇਲੇ ਵਿਦਿਆਰਥੀਆਂ ਦਾ ਰਜਿਸਟਰੇਸ਼ਨ ਨੰਬਰ ਜਰੂਰ ਲੱਗਿਆ ਹੋਣਾ ਚਾਹੀਦਾ ਹੈ।

ਰਿਟਰਨ ਫਾਰਮ ਭਰਨ ਦੀਆ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

ੳ) ਫਾਰਮ ਨੰ: ਐਨ-1- ਇਸ ਫਾਰਮ ਵਿੱਚ ਉਹਨਾਂ ਵਿਦਿਆਰਥੀਆਂ ਦੇ ਵੇਰਵੇ ਦਰਜ ਕਰਨੇ ਹਨ, ਜਿਨ੍ਹਾ ਨੂੰ ਰਜਿ .ਨੰਬਰ ਅਲਾਟ ਨਹੀਂ ਹੋਇਆ। **ਫੀਸ....150/-..ਰੁ ਪ੍ਰਤੀ ਵਿਦਿਆਥੀ ਹੋਵੇਗੀ।**

ਅ) ਫਾਰਮ ਨੰ:ਐਨ -2- ਇਸ ਫਾਰਮ ਵਿੱਚ ਉਹਨਾਂ ਵਿਦਿਆਰਥੀਆਂ ਦੇ ਵੇਰਵੇ ਦਰਜ ਕਰਨੇ ਹਨ। ਜਿਨ੍ਹਾਂ ਨੇ ਅੱਠਵੀਂ ਦੀ ਪ੍ਰੀਖਿਆ ਕਿਸੇ ਹੋਰ ਬੋਰਡ ਤੋਂ ਪਾਸ ਕੀਤੀ ਹੋਵੇ। ਸਕੂਲ ਮੁੱਖੀ ਤਹਿ ਹੋਈਆਂ ਮਿਤੀਆਂ ਤੱਕ ਹੀ ਆਰਜੀ ਦਾਖਲਾ ਦੇ ਸਕਦੇ ਹਨ ਇਸ ਉਪਰੰਤ ਕਿਸੇ ਵੀ ਵਿਦਿਆਰਥੀ ਨੂੰ ਦਾਖਲਾ ਦੇਣ ਤੋਂ ਪਹਿਲਾਂ ਮਾਨਯੋਗ ਚੇਅਰਮੈਨ ਸਾਹਿਬ, ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪ੍ਰਵਾਨਗੀ ਲੈਣੀ ਜਰੂਰੀ ਹੈ। **ਫੀਸ ...1000/-ਰੁ ਪ੍ਰਤੀ ਵਿਦਿਆਥੀ ਹੋਵੇਗੀ।**

ੲ) ਫਾਰਮ ਨੰ:ਐਨ-3- ਇਸ ਫਾਰਮ ਵਿੱਚ ਉਹਨਾਂ ਵਿਦਿਆਰਥੀਆਂ ਦੇ ਵੇਰਵੇ ਦਰਜ ਕਰਨੇ ਹਨ ਜੋ ਬੋਰਡ ਨਾਲ ਪਹਿਲਾ ਤੋਂ ਹੀ ਰਜਿਸਟਰਡ ਹਨ। **ਫੀਸ ...100/-ਰੁ ਪ੍ਰਤੀ ਵਿਦਿਆਰਥੀ ਹੋਵੇਗੀ।**

ਸ) ਫਾਰਮ ਨੰ: ਐਮ -2,ਇਸ ਫਾਰਮ ਵਿੱਚ ਉਹ ਵਿਦਿਆਰਥੀ ਦਰਜ ਕੀਤੇ ਜਾਦੇ ਹਨ,ਜਿਨਾ ਨੇ ਨੌਂਵੀ ਦੀ ਪ੍ਰੀਖਿਆ ਕਿਸੇ ਹੋਰ ਬੋਰਡ ਤੋ ਪਾਸ ਕੀਤੀ ਹੋਵੇ। ਸਕੂਲ ਮੁੱਖੀ ਤਹਿ ਹੋਈਆ ਮਿਤੀਆਂ ਤੱਕ ਹੀ ਆਰਜੀ ਦਾਖਲਾ ਦੇ ਸਕਦੇ ਹਨ । ਇਸ ਉਪਰੰਤ ਕਿਸੇ ਵੀ ਵਿਦਿਆਰਥੀ ਨੂੰ ਦਾਖਲਾ ਦੇਣ ਤੋਂ ਪਹਿਲਾ ਮਾਨਯੋਗ ਚੈਅਰਮੈਨ ਸਾਹਿਬ, ਪੰਜਾਬ ਸਕੂਲ ਸਿਖਿਆ ਬੋਰਡ ਦੀ ਪ੍ਰਵਾਨਗੀ ਲੈਣੀ ਜਰੂਰੀ ਹੈ। **ਫੀਸ ...1000/-ਰੁ ਪ੍ਰਤੀ ਵਿਦਿਆਰਥੀ ਹੋਵੇਗੀ।**

9. ਫਾਰਮ ਐਨ -2 ਅਤੇ ਅਤੇ ਐਮ -2ਨਾਲ ਸਬੰਧਤ ਕੇਸਾਂ ਵਿੱਚ ਹੇਠ ਲਿਖਿਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ:-

1) ਬੋਰਡ ਦਾ ਮਾਈਗਰੇਸ਼ਨ ਸਰਟੀਫਿਕੇਟ ਜਿੱਥੇ ਲਾਗੂ ਹੈ (2) ਜਿਸ ਸ਼੍ਰੇਣੀ ਵਿੱਚ ਦਾਖਲਾ ਹੋਣਾ ਹੈ ਉਸ ਤੋਂ ਪਹਿਲੀ ਸ਼੍ਰੇਣੀ ਪਾਸ ਹੋਣ ਦਾ ਸਬੂਤ(ਡਿਟੇਲ ਮਾਰਕਸ ਕਾਰਡ) (3) ਵਿਦਿਅਕ ਸੈਸ਼ਨ ਦੌਰਾਨ ਜਾਂ ਹੇਠਲੀ ਪ੍ਰੀਖਿਆ ਪਾਸ ਕਰਨ ਉਪਰੰਤ ਸਕੂਲ ਛੱਡਣ ਦਾ ਸਰਟੀਫਿਕੇਟ ਜਿਲ੍ਹਾ ਸਿੱਖਿਆ ਅਫਸਰ ਜਾਂ ਸੰਬਧਿਤ ਬੋਰਡ ਦੇ ਸਮਰੱਥ ਅਧਿਕਾਰੀ ਦੁਆਰਾ ਪ੍ਰਤੀ ਹਸਤਾਖਰ ਹੋਣਾ ਚਾਹੀਦਾ ਹੈ। ਸ਼ੈਸ਼ਨ ਦੌਂਰਾਨ ਮਾਈਗਰੇਸ਼ਨ ਲੈਣ ਵਾਲੇ ਵਿਦਿਆਰਥੀਆ ਦੀ ਹਾਜ਼ਰੀਆ ਵੀ ਦਰਜ਼ ਕੀਤੀਆਂ ਜਾਣ। (4) ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬਰਾਬਰ ਦੀ ਯੋਗਤਾ ਦਾ ਸਮਾਨਤਾ ਪੱਤਰ (ਜੋ ਕਿ ਬੋਰਡ ਦੀ ਅਕਾਦਿਮਕ ਸ਼ਾਖਾ ਵੱਲੋਂ ਸਰਟੀਫਿਕੇਟਾਂ ਦੇ ਅਧਾਰ ਤੇ ਜਾਰੀ ਕੀਤਾ ਜਾਣਾ ਹੈ)।

ਹੇਠਲੀ ਪ੍ਰੀਖਿਆ ਸੀ.ਬੀ.ਐਸ.ਈ.ਸੀ.ਆਈ.ਸੀ.ਐਸ.ਈ.ਹਰਿਆਣਾ ,ਹਿਮਾਚਲ ,ਜੰਮੂ ਕਸ਼ਮੀਰ, ਰਾਜਸਥਾਨ ਬੋਰਡਾ ਤੋਂ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਛੱਡ ਕੇ ਹੀ ਬਾਕੀ ਬੋਰਡਾਂ ਵਾਲੇ ਵਿਦਿਆਰਥੀਆਂ ਦੇ ਕੇਸਾਂ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅਕਾਦਿਮਕ ਸ਼ਾਖਾ ਵੱਲੋਂ ਸਮਾਨਤਾ ਪੱਤਰ ਪ੍ਰਾਪਤ ਕਰਕੇ ਪੇਸ਼ ਕੀਤੇ ਜਾਣ 2 ਤੋਂ 4 ਤੱਕ ਅਸਲ ਦਸਤਾਵੇਜ਼ (ਡੀ.ਐਮ ਸੀ/ਐਸ.ਐਲ.ਸੀ/ਟਰਾਂਸਫਰ ਸਰਟੀਫਿਕੇਟ/ਸਮਾਨਤਾ ਪੱਤਰ) ਦੀਆਂ ਸਬੰਧਿਤ ਸਕੂਲ ਮੁੱਖੀ ਵੱਲੋਂ ਤਸਦੀਕ ਕੀਤੀਆਂ ਫੋਟੋਸਟੇਟ ਕਾਪੀਆਂ ਰਿਟਰਨ ਫਾਰਮ ਨਾਲ ਭੇਜੀਆਂ ਜਾਣ । ਮਾਈਗਰੇਸ਼ਨ ਸਰਟੀਫਿਕੇਟ ਅਸਲ ਭੇਜਿਆ ਜਾਵੇ। ਲੋੜ ਪੈਣ ਤੇ ਅਸਲ ਦਸਤਾਵੇਜ ਵੀ ਮੰਗਵਾਏ ਜਾ ਸਕਦੇ ਹਨ। ਇਹ ਦਸਤਾਵੇਜ ਰਿਟਰਨ ਨਾਲ ਨੱਥੀ ਕਰਕੇ ਨਾ ਭੇਜਣ ਦੀ ਸੂਰਤ ਵਿੱਚ ਕਿਸੇ ਵਿਦਿਆਰਥੀ ਦਾ ਰਜਿ:ਨੰ ਸਮੇ ਸਿਰ ਅਲਾਟ ਨਾ ਹੋਣ ਸਬੰਧੀ ਸਮੁੱਚੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

**ਨੋਟਾਂ-ਦੂਜੇ ਰਾਜਾ/ਬੋਰਡਾਂ ਦੇ ਵਿਦਿਆਰਥੀ ਜਿਹੜੇ ਨੌਂਵੀ ਸ਼੍ਰੇਣੀ ਵਿੱਚ ਦਾਖਲ ਹੋਣਗੇ ਉਹਨਾਂ ਦੀ ਰਜਿਸਟਰੇਸ਼ਨ ਰਿਟਰਨ ਨੌਂਵੀ ਸ਼੍ਰੇਣੀ ਵਿੱਚ ਭੇਜੀ ਜਾਵੇ।**

10. ਕੰਟੀਨਿਊਏਸ਼ਨ / ਰਜਿਸਟਰੇਸ਼ਨ ਰਿਟਰਨ/ਫੀਸ ਪਹੰਚੁਣ ਦੀਆ ਮਿਤੀਆਂ ਹੇਠ ਲਿਖੇ ਅਨੁਸਾਰ ਹੋਣਗੀਆਂ:-

| | |
|---|---|
| ਮੁੱਖ ਰਿਟਰਨ ਬਿਨਾ ਲੇਟ ਫੀਸ | ਮਿਤੀ- 23-05-2011ਤੱਕ |
| ਮੁੱਖ ਰਿਟਰਨ 100/ਰੁ: ਪ੍ਰਤੀ ਵਿਦਿਆਰਥੀ ਲੇਟ ਫੀਸ<br>ਅਤੇ 2000ਰੁ: ਜੁਰਮਾਨਾ ਰਾਸ਼ੀ ਸਹਿਤ | ਮਿਤੀ- 30-05-2011ਤੱਕ |
| ਇੱਕਾ ਦੁਕਾ ਵਿਦਿਆਰਥੀਆਂ ਦੀ ਸਪਲੀਮੈਟਰੀ<br>ਰਿਟਰਨ 100/- ਲੇਟ ਫੀਸ ਪ੍ਰਤੀ ਵਿਦਿਆਰਥੀ<br>500/ ਰੁ: ਜੁਰਮਾਨਾਂ ਰਾਸ਼ੀ ਸਾਹਿਤ | ਮਿਤੀ- 30-05-2011ਤੱਕ |

ਉਪਰੋਕਤ ਆਖਰੀ ਮਿਤੀਆਂ ਪਿੱਛੋਂ ਜੇਕਰ ਕੋਈ ਵਿਰਲਾ ਕੇਸ ਪ੍ਰਾਪਤ ਹੁੰਦਾ ਹੈ ਤਾਂ ਉਸ ਵਿੱਚ ਨਿਰਧਾਰਿਤ ਫੀਸਾਂ ਤੋਂ ਇਲਾਵਾ ਵੱਧ ਜੁਰਮਾਨਾ ਰਾਸ਼ੀ ਚੇਅਰਮੈਨ ਜੀ ਦੇ ਆਦੇਸ਼ਾ ਅਨੁਸਾਰ ਚਾਰਜ਼ ਕੀਤੀ ਜਾਵੇਗੀ।

ਨੋਟ-: ਜਿਹੜੇ ਵਿਦਿਆਰਥੀ ਗੈਰਮਾਨਤਾ ਪ੍ਰਾਪਤ ਸਕੂਲਾਂ ਤੋਂ ਅੱਠਵੀਂ ਸ਼੍ਰੇਣੀ ਪਾਸ ਕਰਕੇ ਆਏ ਹਨ, ਨੌਂਵੀਂ ਸ਼੍ਰੇਣੀ ਵਿੱਚ ਦਾਖਲ ਕੀਤੇ ਗਏ ਹਨ । ਉਨ੍ਹਾਂ ਵਿਦਿਆਰਥੀਆਂ ਤੋਂ 150/-ਰੁ ਰਜਿਸਟ੍ਰੇਸ਼ਨ ਫੀਸ ਨਾਲ 100/- ਰੁ: ਵਾਧੂ ਫੀਸ ਲਈ ਜਾਵੇ ਅਤੇ ਵੇਰਵੇ ਫਾਰਮ ਐਨ-1 ਵਿੱਚ ਦਰਜ ਕੀਤੇ ਜਾਣ (ਜਿਨ੍ਹਾਂ ਵਿਦਿਆਰਥੀਆਂ ਨੂੰ ਰਜਿਸਟ੍ਰੇਸ਼ਨ ਨੰ: ਅਲਾਟ ਨਹੀਂ ਹੋਇਆ)।

ਡਿਪਟੀ ਡਾਇਰੈਕਟਰ (ਕੰਪਿ: ਸੈਲ)

ਵਾ:ਸਕੱਤਰ, ਪੰਜਾਬ ਸਕੂਲ ਸਿਖਿਆ ਬੋਰਡ